Surrey Schools
LEADERSHIP IN LEARNING

Tel: 604.596.7733
www.surreyschools.ca

# ਜਵਾਨ ਬੱਚਿਆਂ ਲਈ ਭਿੰਨਤਾ ਦਾ ਤਾਲਮੇਲ ਅਫਸਰ
(Youth Diversity Liaison)

## ਨਿਸ਼ਾਨਾ
ਇਸ ਅਫਸਰ ਦਾ ਮੁੱਖ ਨਿਸ਼ਾਨਾ ਹੈ ਕਿ ਮੁਸੀਬਤ ਵੇਲੇ ਵੱਖ ਵੱਖ ਸਭਿਆਤਾਵਾਂ ਵਿੱਚੋਂ ਆਏ ਬੱਚਿਆਂ ਅਤੇ ਪਰੀਵਾਰਾਂ ਨੂੰ, ਓਹਨਾਂ ਦੀ ਸਭਿਅਤਾ ਨੂੰ ਮੁੱਖ ਰੱਖਦੇ ਹੋਏ, ਲੋੜੀਂਦੀਆਂ ਸੇਵਾਵਾਂ ਦੇਣੀਆਂ। ਇਹ ਸੇਵਾਵਾਂ ਸਕੂਲ ਵਿੱਚ ਅਤੇ ਸਕੂਲ ਤੋਂ ਬਾਹਰ ਵੀ ਹੋ ਸਕਦੀਆਂ ਹਨ।

## ਮੁਲਾਂਕਣ
ਤਾਲ ਮੇਲ ਅਫਸਰ ਬੱਚੇ ਅਤੇ ਪ੍ਰੀਵਾਰ ਨੂੰ ਮਿਲ ਕਿ ਆ ਰਹੀਆਂ ਮੁਸ਼ਕਲਾਂ, ਜੋ ਕਿਸੇ ਵੀ ਪਹਿਲੂ ਵਿੱਚੋਂ ਹੋਣ, ਦਾ ਹੱਲ ਲਭਣ ਦੀ ਕੋਸ਼ਿਸ਼ ਕਰਦਾ ਹੈ। ਇਸ ਪ੍ਰੋਗਰਾਮ ਦੀ ਸਫਲਤਾ ਲਈ ਇਹ ਜ਼ਰੂਰੀ ਹੈ ਕਿ ਵਿਦਿਆਰਥੀ ਨੂੰ ਸਕੂਲ ਤੋਂ ਮੁਅੱਤਲ ਕਰਨ ਵੇਲੇ, ਤਾਲ ਮੇਲ ਅਫਸਰ ਦੀ ਮਦਦ ਜਾਂ ਦਖਲ ਅੰਦਾਜ਼ੀ ਦਾ ਹਵਾਲਾ ਕੀਤਾ ਜਾਵੇ। ਇਸ ਅਫਸਰ ਦੀ ਵੱਧ ਤੋਂ ਵੱਧ ਕੋਸ਼ਿਸ਼ ਹੋਵੇਗੀ ਕਿ ਵਿਦਿਆਰਥੀ ਨੂੰ ਵਿਦਿਆਂ ਦੇ ਹਰ ਪਹਿਲੂ ਵਿੱਚ ਤਰੱਕੀ ਮਿਲ ਸਕੇ।

## ਹਵਾਲਾ ਕਰਨਾ
ਮੁਲਾਂਕਣ ਤੋਂ ਬਾਅਦ ਹੋ ਸਕਦਾ ਹੈ ਕਿ, ਤਾਲ ਮੇਲ ਅਫਸਰ, ਬੱਚੇ ਨੂੰ ਆ ਰਹੀ ਮੁਸ਼ਕਿਲ ਲਈ ਕਿਸੇ ਢੁੱਕਦੀ ਸੰਸਥਾ ਨੂੰ ਕੇਸ ਸੌਂਪ ਦਵੇ। ਇਹਨਾਂ ਵਿੱਚੋਂ ਹੋ ਸਕਦੇ ਹਨ: ਪੈਸਿਫਿਕ ਕਮਿਊਨਟੀ ਰੀਜ਼ੋਰਸਜ਼, ਔਪਸ਼ਨਜ਼ ਸੁਸਾਇਟੀ, ਵਰਸਾ, ਪਿਕੱਸ, ਸਰ੍ਹੀ ਡੈਲਟਾ ਇੰਮੀਗਰਾਂਟ ਸੁਸਾਇਟੀ।

## ਦਖਲ ਅੰਦਾਜ਼ੀ ਕਰਨਾ
ਤਾਲਮੇਲ ਅਫਸਰ ਵਿਦਿਆਰਥੀ ਲਈ ਅਤੇ ਪ੍ਰੀਵਾਰ ਲਈ ਆਪ ਵੀ ਮਦਦ ਕਰ ਸਕਦਾ ਹੈ ਅਗਰ ਕੋਈ ਸਕੂਲ ਤੋਂ ਬਾਹਰ ਦੀ ਢੁੱਕਦੀ ਸੰਸਥਾ ਨਾ ਮਿਲੇ।

## ਮਗਰੋਂ ਦੀ ਦੇਖ ਭਾਲ
ਤਾਂ ਕਿ ਵਿਦਿਆਰਥੀ ਦੇ ਸਾਰੇ ਕੇਸ ਨੂੰ ਬਾਕੀਆਂ ਕੋਲੋਂ ਗੁਪਤ ਰੱਖਿਆ ਜਾ ਸਕੇ, ਤਾਲਮੇਲ ਅਫਸਰ ਵਿਦਿਆਰਥੀ ਦੀ ਮਦਦ ਲਈ ਹਰ ਤਰਾਂ ਦੀ ਵਡਮੁੱਲੀ ਜਾਣਕਾਰੀ ਇੱਕਠੀ ਕਰਦਾ ਹੈ ਤਾਂ ਕਿ ਬੱਚੇ ਨੂੰ ਹਲੱ ਲਭੱਣ ਵਿੱਚ ਸਫਲਤਾ ਮਿਲ ਸਕੇ। ਇਹ ਅਫਸਰ ਬੱਚੇ ਨੂੰ ਲੋੜ ਪੈਣ ਓਪਰ ਮਦਦ ਲਈ ਹਾਜ਼ਿਰ ਹੈ।

## ਮਾਪਆਂ ਦੀ ਸਹਾਇਤਾ
ਆਪਣੇ ਬੱਚੇ ਦੇ ਖਤਰਨਾਕ ਅਤੇ ਮੁਸੀਬਤ ਭਰੇ ਵਰਤਾਓ ਤੋਂ ਮਾਪੇ ਅਕਸਰ ਦੁਖੀ ਹੁੰਦੇ ਹਨ। ਤਾਲਮੇਲ ਅਫਸਰ ਮਾਪਿਆਂ ਲਈ ਵੀ ਕਈ ਤਰਾਂ ਦੀ ਮਦਦ ਕਰਦਾ ਹੈ। ਜਿਵੇਂ: ਪ੍ਰੀਵਾਰ ਦੇ ਮੈਂਬਰਾਂ ਦਾ ਸਮਝੌਤਾ, ਮੁਸ਼ਕਿਲ ਦਾ ਹੱਲ, ਨੌਕਰੀ ਦੀ ਤਲਾਸ਼ ਲਈ ਮਦਦ, ਗੈਂਗ੍ਹਾਂ ਬਾਰੇ ਜਾਣਕਾਰੀ ਜਾਂ ਸਾਰਿਆਂ ਨਾਲ ਰਲ ਕਿ ਸਮਝੌਤਾ।

## ਬਰਾਦਰੀ ਦਾ ਵਿਕਾਸ
ਤਾਲਮੇਲ ਅਫਸਰ ਕਈ ਤਰੀਕਿਆਂ ਨਾਲ ਸਮਸਿੱਆ ਵੇਲੇ ਬਰਾਦਰੀ ਦੀ ਵੀ ਮਦਦ ਕਰ ਸਕਦਾ ਹੈ। ਓਹ ਬਰਾਦਰੀ ਵਿੱਚ ਵਿਚਾਰ ਵਟਾਂਦਰਾਂ ਕਰਨ ਲਈ ਮੀਟਿੰਗਾਂ ਰਾਹੀਂ ਸਮਸਿੱਆਂਵਾਂ ਦੇ ਹੱਲ ਲਭੱਣ ਦੀ ਕੋਸ਼ਿਸ਼ ਕਰ ਸਕਦਾ ਹੈ। ਓਹ ਸਰ੍ਹੀ ਦੀ ਪੁਲੀਸ ਦੇ ਨਾਲ ਸਹਿਯੋਗ ਦਿੰਦਾ ਹੈ ਅਤੇ ਲੈਂਦਾ ਹੈ ਤਾਂ ਕਿ ਸੁਰਿੱਖਅਤ ਵਾਤਾਵਰਨ ਬਣਿਆਂ ਰਹੇ।

## ਪੜ੍ਹਾਈ ਦੀ ਮਦਦ
ਇਹ ਅਫਸਰ ਸਭਿਆਤਾਵਾਂ ਬਾਰੇ ਗਿਆਨ ਵਧਾਓਣ ਲਈ ਕਈ ਤਰਾਂ ਨਾਲ ਬੱਚਿਆਂ ਨੂੰ ਪੜ੍ਹਾ ਵੀ ਸਕਦਾ ਹੈ। ਇਸ ਮਦਦ ਲਈ ਅਰਜ਼ੀ ਵਿੱਚ ਬੇਨਤੀ ਕਰਨੀ ਜ਼ਰੂਰੀ ਹੈ

## ਸਕੂਲ ਦੇ ਕਰਮਚਾਰੀਆਂ ਦਾ ਵਿਕਾਸ
ਇਹ ਅਫਸਰ ਸਕੂਲ ਦੇ ਕਰਮਚਾਰੀਆਂ ਦਾ ਹੋਰ ਸਭਿਆਂਤਾਵਾਂ ਬਾਰੇ ਗਿਆਨ ਵਧਾਓਣ ਵਿੱਚ ਵੀ ਮਦਦ ਕਰ ਸਕਦਾ ਹੈ।

## ਅਰਜ਼ੀ ਲਈ ਜ਼ਰੂਰੀ
ਇਸ ਅਫਸਰ ਦੀ ਮਦਦ ਲਈ ਅਰਜ਼ੀ ਸਕੂਲ ਦੇ ਕਰਮਚਾਰੀਆਂ ਜਾਂ ਪੁਲੀਸ ਦੁਆਰਾ ਦੇਣੀ ਜ਼ਰੂਰੀ ਹੈ। ਜਿਸ ਵਿਦਿਆਰਥੀ ਦੀ ਮਦਦ ਲਈ ਇਹ ਅਰਜ਼ੀ ਪੂਰੀ ਕਰਨੀ ਹੈ, ਓਸ ਨੂੰ ਅਰਜ਼ੀ ਬਾਰੇ ਦੱਸਣਾ ਜ਼ਰੂਰੀ ਹੈ ਅਤੇ ਵਿਦਿਆਰਥੀ ਦੇ ਨਾਲ ਨਾਲ ਓਸ ਦੇ ਮਾਪਿਆਂ ਨੂੰ ਮੁਸੀਬਤ ਦਾ ਹੱਲ ਲੱਭਣ ਲਈ ਹਿੱਸਾ ਲੈਣਾ ਜ਼ਰੂਰੀ ਹੈ

ਤੁਹਾਡੇ ਸਾਰੇ ਸਵਾਲਾਂ ਦੇ ਹੱਲ ਲਈ ਤੁਸੀਂ ਰੌਬ ਰਾਇ ਨੂੰ ਫੋਨ ਕਰ ਸਕਦੇ ਹੋ: 778-772-4192
ਜਾਂ ਇਸ ਪਤੇ ਓਪਰ ਈ ਮੇਲ ਭੇਜ ਸਕਦੇ ਹੋ: **rai_r@sd36.bc.ca**